ਜਮਾਤਾਂ) 9023456788 (ਅੱਪਰ ਪ੍ਰਾਇਮਰੀ) ਨੰਬਰ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

[redacted] ਬਦਲਦੇ ਹੋਏ ਬੱਚਿਆਂ ਦੇ ਰੌਸ਼ਨ ਭਵਿੱਖ ਲਈ ਆਪਣੀ ਮਿਹਨਤ ਅਤੇ ਕਾਰਗੁਜ਼ਾਰੀ ਸਭ ਦੇ ਸਾਹਮਣੇ ਲਿਆਉਣਗੇ ਅਤੇ ਆਪਣੇ ਆਪ ਨੂੰ ਪੋਰਟਲ 'ਤੇ ਨਾਮਜ਼ਦ ਕਰਨਗੇ।

https://gpconnect.prathaminsights.in/gp/PB/login

ਧੰਨਵਾਦ

5 attachments

- Data collection sheet for Nomination & verification .xlsx
  9K
- Nomination Verification Math_Pen & Paper_Upper Primary.pdf
  438K
- Nomination Assessment Declaration form.pdf
  170K
- Nomination Verification Punjabi Tool (P&P)_S1.pdf
  1373K
- Nomination Verification English Tool_Upper Primary_S-1.pdf
  526K

# ਮਿਸ਼ਨ ਸਮਰੱਥ 3.0 (ਜ਼ਿਲ੍ਹਾ ..............................)

## ਸਰਟੀਫਿਕੇਟ

ਅੱਜ ਮਿਤੀ .......................... ਜ਼ਿਲ੍ਹਾ ................................... ਦੇ ਬਲਾਕ ................................... ਸਕੂਲ ........................................................................ (UDISE CODE: ...................................) ਨੂੰ ਵਿਜ਼ਿਟ ਕੀਤਾ ਗਿਆ, ਇਸ ਸਕੂਲ ਵੱਲੋ ਪੋਰਟਲ 'ਤੇ ........................................................................ ਕੈਟਾਗਿਰੀ ਵਿੱਚ ਨਾਮਜ਼ਦਗੀ ਦਰਜ ਕੀਤੀ ਗਈ ਸੀ।

### ਵਿਦਿਆਰਥੀ ਦੀ ਗਿਣਤੀ ਸਬੰਧੀ ਵੇਰਵੇ -

ਰਜਿਸਟਰ ਵਿੱਚ ਦਰਜ ਕੁੱਲ ਵਿਦਿਆਰਥੀ (ਤੀਜੀ ਤੋਂ ਪੰਜਵੀ ਜਮਾਤ/ਛੇਵੀਂ ਤੋ ਅੱਠਵੀ ) ..............................

ਜਾਂਚ ਕੀਤੇ ਗਏ ਕੁੱਲ ਵਿਦਿਆਰਥੀਆਂ ਦੀ ਗਿਣਤੀ (ਤੀਜੀ ਤੋਂ ਪੰਜਵੀ ਜਮਾਤ/ਛੇਵੀਂ ਤੋ ਅੱਠਵੀ ) ....................

ਤਸਦੀਕ ਕੀਤਾ ਜਾਂਦਾ ਹੈ ਕਿ ਟੀਮ ਦੁਆਰਾ ਜਾਂਚ ਕਰਨ ਉਪਰੰਤ ਸਕੂਲ ਦੇ ਨਿਰਧਾਰਿਤ ਸ੍ਰੈਣੀ ................ .......................................... ਦੇ ਤਹਿਤ ਸਕੂਲ ਦੇ ....................ਪ੍ਰਤੀਸ਼ਤ ਬੱਚੇ ਮਿਸ਼ਨ ਸਮਰੱਥ 3.0 ਦਾ ਟੀਚਾ ਪ੍ਰਾਪਤ ਕਰਦੇ ਹਨ। ਉਪਰੋਕਤ ਅਨੁਸਾਰ........................................................ ਕੈਟਾਗਿਰੀ ਲਈ ਨਾਮਜ਼ਦਗੀ ਨੂੰ valid/invalid ਕੀਤਾ ਜਾਂਦਾ ਹੈ।

**ਸਕੂਲ ਵਿਜ਼ਿਟ ਕਰਨ ਵਾਲੀ ਟੀਮ ਦਾ ਵੇਰਵਾ**

1. ਨਾਮ: ____________ ਅਹੁਦਾ ਆਈ ਡੀ ____________ ਹਸਤਾਖਰ: ____________
2. ਨਾਮ: ____________ ਅਹੁਦਾ ਆਈ ਡੀ ____________ ਹਸਤਾਖਰ: ____________
3. ਨਾਮ: ____________ ਅਹੁਦਾ ਆਈ ਡੀ ____________ ਹਸਤਾਖਰ: ____________
4. ਨਾਮ: ____________ ਅਹੁਦਾ ਆਈ ਡੀ ____________ ਹਸਤਾਖਰ: ____________

ਮਿਸ਼ਨ ਸਮਰੱਥ

Nomination-Verification -ਟੈਸਟਿੰਗ ਟੂਲ - 1

(ਅੱਪਰ-ਪ੍ਰਾਇਮਰੀ) 2025-2026

## ENGLISH READING TEST (1)

### Story Reading

Aman and Rohan love to play. They have a ball. Aman throws it high and Rohan catches it with a happy smile. Their friends play with them. They all have fun together! They run, jump, and laugh with immense joy. Aman and Rohan are so happy with their friends. They play until the sun sets.

Q1. What do Aman and Rohan play with?

Q2. How do Aman and Rohan feel when they play with their friends?

Ask the child to read the story. If the child reads the story with 3 or less than 3 mistakes, than mark the child at 'story level'.

# ਮਿਸ਼ਨ ਸਮਰੱਥ

## ...ion-Verification ਸਮਝ ਆਧਾਰਿਤ ਕਹਾਣੀ (ਪੈੱਨ-ਪੇਪਰ)-1

| | | | |
|---|---|---|---|
| ...ਥੀ ਦਾ ਨਾਮ | | ਵਿਦਿਆਰਥੀ ਦੀ ID | |
| ...ਪਿਤਾ ਦਾ ਨਾਮ | | ਜਮਾਤ | |
| ਲਿੰਗ | | ਰੋਲ ਨੰਬਰ | |

ਹੇਠਾਂ ਦਿੱਤੇ ਪਾਠ ਨੂੰ ਪੜ੍ਹੋ ਅਤੇ ਉਸ 'ਤੇ ਆਧਾਰਿਤ ਪ੍ਰਸ਼ਨਾਂ ਦੇ ਉੱਤਰ ਲਿਖੋ।

### ਹਿੰਮਤ ਨਾਲ ਜਿੱਤਿਆ ਡਰ

ਸਾਲ 2020 ਵਿੱਚ ਪਿੰਡ ਰਾਮਪੁਰ ਦੇ ਲੋਕਾਂ ਦੀ ਜ਼ਿੰਦਗੀ ਅਚਾਨਕ ਬਦਲ ਗਈ। ਟੀ.ਵੀ., ਰੇਡੀਓ ਅਤੇ ਸਕੂਲ ਦੇ
ਅਧਿਆਪਕ ਸਭ ਇੱਕੋ ਗੱਲ ਕਹਿੰਦੇ ਸਨ—"ਕਰੋਨਾ ਵਾਇਰਸ ਤੋਂ ਬਚੋ।" ਇਹ ਬਿਮਾਰੀ ਤੇਜ਼ੀ ਨਾਲ ਫੈਲ ਰਹੀ ਸੀ। ਲੋਕ
ਡਰੇ ਹੋਏ ਸਨ।
ਰਾਮਪੁਰ ਵਿੱਚ ਰਹਿਣ ਵਾਲੀ ਸਿਮਰਨ ਅੱਠਵੀਂ ਜਮਾਤ ਵਿੱਚ ਸੀ। ਉਹ ਬਹੁਤ ਚੁਸਤ ਅਤੇ ਜਾਗਰੂਕ ਕੁੜੀ ਸੀ। ਜਦੋਂ
ਸਰਕਾਰ ਨੇ ਸਕੂਲ ਬੰਦ ਕਰ ਦਿੱਤੇ ਤਾਂ ਸਿਮਰਨ ਨੂੰ ਘਰ ਵਿੱਚ ਰਹਿਣਾ ਪਿਆ। ਉਸ ਨੇ ਦੇਖਿਆ ਕਿ ਕੁਝ ਲੋਕ ਮਾਸਕ ਨਹੀਂ
ਪਾਉਂਦੇ, ਕੁਝ ਸਾਬਣ ਨਾਲ ਹੱਥ ਨਹੀਂ ਧੋਂਦੇ। ਇਸ ਕਾਰਨ ਪਿੰਡ ਵਿੱਚ ਡਰ ਹੋਰ ਵੱਧ ਗਿਆ।
ਇੱਕ ਦਿਨ ਸਿਮਰਨ ਦੀ ਦਾਦੀ ਬਿਮਾਰ ਹੋ ਗਈ। ਪਰਿਵਾਰ ਨੂੰ ਸ਼ੱਕ ਹੋਇਆ ਕਿ ਕਿਤੇ ਇਹ ਕਰੋਨਾ ਤਾਂ ਨਹੀਂ। ਘਰ ਵਿੱਚ
ਸਾਰੇ ਡਰ ਗਏ। ਸਿਮਰਨ ਨੇ ਹਿੰਮਤ ਕੀਤੀ ਅਤੇ ਕਿਹਾ, "ਅਸੀਂ ਡਰਨਾ ਨਹੀਂ, ਸਾਵਧਾਨ ਰਹਿਣਾ ਹੈ। ਦਾਦੀ ਦਾ ਟੈਸਟ
ਕਰਵਾਉਣਾ ਚਾਹੀਦਾ ਹੈ।" ਪਿਤਾ ਜੀ ਉਸ ਨੂੰ ਹਸਪਤਾਲ ਲੈ ਗਏ। ਖ਼ੁਸ਼ਕਿਸਮਤੀ ਨਾਲ ਰਿਪੋਰਟ ਨੈਗੇਟਿਵ ਆਈ।
ਇਸ ਘਟਨਾ ਨੇ ਸਿਮਰਨ ਨੂੰ ਹੋਰ ਸਮਝਦਾਰ ਬਣਾ ਦਿੱਤਾ। ਉਸ ਨੇ ਸੋਚਿਆ ਕਿ ਪਿੰਡ ਦੇ ਲੋਕਾਂ ਨੂੰ ਸਹੀ ਜਾਣਕਾਰੀ ਦੇਣਾ
ਬਹੁਤ ਜ਼ਰੂਰੀ ਹੈ। ਉਸ ਨੇ ਲੋਕਾਂ ਨੂੰ ਜਾਗਰੂਕ ਕਰਨ ਲਈ ਪੋਸਟਰ ਬਣਾਏ ਅਤੇ ਵੱਟਸਐਪ 'ਤੇ ਸ਼ੇਅਰ ਕੀਤੇ।
'ਮਾਸਕ ਪਹਿਨੋ', 'ਹੱਥ ਵਾਰ-ਵਾਰ ਧੋਵੋ', 'ਦੂਰੀ ਬਣਾਈ ਰੱਖੋ'
ਸਿਮਰਨ ਨੇ ਆਪਣੇ ਦੋਸਤਾਂ ਨਾਲ ਮਿਲ ਕੇ ਪਿੰਡ ਵਿੱਚ ਛੋਟਾ ਕੈਂਪ ਲਗਾਇਆ। ਉਹਨਾਂ ਨੇ ਲੋਕਾਂ ਨੂੰ ਸਮਝਾਇਆ ਕਿ ਕਰੋਨਾ
ਤੋਂ ਬਚਾਅ ਲਈ ਸਫ਼ਾਈ, ਸਾਵਧਾਨੀ ਅਤੇ ਇੱਕ-ਦੂਜੇ ਦੀ ਮਦਦ ਕਰਨੀ ਕਿੰਨੀ ਜ਼ਰੂਰੀ ਹੈ।
ਹੌਲੀ-ਹੌਲੀ ਪਿੰਡ ਦੇ ਲੋਕ ਸਿਮਰਨ ਤੋਂ ਪ੍ਰੇਰਿਤ ਹੋਏ। ਉਹਨਾਂ ਨੇ ਮਾਸਕ ਪਹਿਨਣਾ, ਸੈਨੀਟਾਈਜ਼ਰ ਵਰਤਣਾ ਅਤੇ ਬੇਕਾਰ
ਦੀਆਂ ਭੀੜਾਂ ਤੋਂ ਬਚਣਾ ਸ਼ੁਰੂ ਕਰ ਦਿੱਤਾ। ਪਿੰਡ ਦਾ ਮਾਹੌਲ ਡਰ ਤੋਂ ਬਦਲ ਕੇ ਆਸ ਅਤੇ ਹਿੰਮਤ ਵਾਲਾ ਹੋ ਗਿਆ।
ਸਿਮਰਨ ਨੇ ਸਾਰਿਆਂ ਨੂੰ ਸਿਖਾਇਆ ਕਿ ਕਰੋਨਾ ਵਰਗੀ ਵੱਡੀ ਬਿਮਾਰੀ ਨਾਲ ਵੀ ਅਸੀਂ ਜਿੱਤ ਸਕਦੇ ਹਾਂ- ਜੇ ਅਸੀਂ ਸਹੀ
ਜਾਣਕਾਰੀ, ਸਾਵਧਾਨੀ ਅਤੇ ਹਿੰਮਤ ਨਾਲ ਅੱਗੇ ਵਧੀਏ।

**Q 1.** ਜਦੋਂ ਦਾਦੀ ਬਿਮਾਰ ਹੋਈ ਤਾਂ ਸਿਮਰਨ ਨੇ ਕੀ ਸੁਝਾਅ ਦਿੱਤਾ?

ੳ. ਘਰ ਵਿੱਚ ਹੀ ਇਲਾਜ ਕਰੋ। ◯
ਅ. ਪਿੰਡ ਦੇ ਜੋਤਿਸ਼ੀ ਕੋਲ ਜਾਓ। ◯
ੲ. ਹਸਪਤਾਲ ਵਿੱਚ ਟੈਸਟ ਕਰਵਾਓ। ◯

**Q 2.** ਸਿਮਰਨ ਨੇ ਪਿੰਡ ਦੇ ਲੋਕਾਂ ਨੂੰ ਕੀ ਸਮਝਾਇਆ?

ੳ. ਮਾਸਕ ਪਹਿਨੋ, ਹੱਥ ਧੋਵੋ, ਦੂਰੀ ਰੱਖੋ। ◯
ਅ. ਕਰੋਨਾ ਤੋਂ ਡਰੋ ਅਤੇ ਘਰੋਂ ਬਾਹਰ ਨਾ ਨਿਕਲੋ। ◯
ੲ. ਸਕੂਲ ਬੰਦ ਹਨ ਤਾਂ ਖੇਡਾਂ ਖੇਡੋ। ◯

**Q 3.** ਕਹਾਣੀ ਤੋਂ ਸਾਨੂੰ ਕੀ ਸਿੱਖਿਆ ਮਿਲਦੀ ਹੈ?

ੳ. ਬਿਮਾਰੀ ਨਾਲ ਲੜਨ ਲਈ ਸਿਰਫ਼ ਦਵਾਈ ਜ਼ਰੂਰੀ ਹੈ। ◯
ਅ. ਹਿੰਮਤ, ਸਹੀ ਜਾਣਕਾਰੀ ਅਤੇ ਸਾਵਧਾਨੀ ਨਾਲ ਜਿੱਤ ਸੰਭਵ ਹੈ। ◯
ੲ. ਕਰੋਨਾ ਦਾ ਕੋਈ ਹੱਲ ਨਹੀਂ। ◯


# ਮਿਸ਼ਨ ਸਮਰੱਥ

## Nomination- Verification ਟੂਲ (ਪੈੱਨ-ਪੇਪਰ) -1

| | | | |
|---|---|---|---|
| ਵਿਦਿਆਰਥੀ ਦਾ ਨਾਮ | | | |
| ਮਾਤਾ/ਪਿਤਾ ਦਾ ਨਾਮ | | ਵਿਦਿਆਰਥੀ ਦੀ ID | |
| ਵਿਦਿਆਰਥੀ ਦਾ ਲਿੰਗ | | ਜਮਾਤ | |
| | | ਰੋਲ ਨੰਬਰ | |

### ਭਿੰਨ

**Q1.** ਹੱਲ ਕਰੋ। Solve



ਰੰਗਦਾਰ ਭਾਗ ਨੂੰ ਭਿੰਨ ਰੂਪ ਵਿੱਚ ਲਿਖੋ। Write fraction for Shaded portion: ___

**Q2.** ਦਿੱਤੀ ਗਈ ਭਿੰਨ ਨੂੰ ਚਿੱਤਰ ਰੂਪ ਵਿੱਚ ਦਰਸਾਓ। Represent the given fraction as diagrammatically.

$\frac{7}{12} =$

**Q3.** ਹੱਲ ਕਰੋ। Solve

**a)** $\frac{1}{12}, \frac{11}{12}, \frac{7}{12}, \frac{5}{12}$

| ਸਭ ਤੋਂ ਵੱਡੀ ਭਿੰਨ Greatest Fraction | ਸਭ ਤੋਂ ਛੋਟੀ ਭਿੰਨ Smallest Fraction |
|---|---|
| | |

**b)** $\frac{3}{5}, \frac{3}{8}$

| ਵੱਡੀ ਭਿੰਨ Big Fraction | ਛੋਟੀ ਭਿੰਨ Small Fraction |
|---|---|
| | |

**Q4.** ਨੇਕ ਨੇ ਦੁੱਧ ਦੇ ਡਰੱਮ ਵਿੱਚੋਂ $\frac{3}{17}$ ਲੀਟਰ ਦੁੱਧ ਕੱਢਿਆ ਅਤੇ ਅਮਰਵੀਰ ਨੇ $\frac{5}{17}$ ਲੀਟਰ ਦੁੱਧ ਕੱਢਿਆ ਦੱਸੋ ਦੋਵਾਂ ਨੇ ਕੁੱਲ ਕਿੰਨੇ ਲੀਟਰ ਦੁੱਧ ਡਰੱਮ ਵਿੱਚੋਂ ਕੱਢਿਆ ?

Nake took $\frac{3}{17}$ liters of milk from the milk drum and Amarvir took $\frac{5}{17}$ liters of milk. Tell, how many liters of total milk did both of them take out from drum?

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ-ਸਿ) ਪਟਿਆਲਾ

ਪਿੱਠ ਅੰਕਣ ਨੰ ਸ-6/2025/[illegible] ਮਿਤੀ 03/09/2025

ਉਪਰੋਕਤ ਅੰਕਿਤ ਵਿਸ਼ੇ ਦੇ ਸਬੰਧ ਵਿੱਚ ਸਮੂਹ ਸਕੂਲ ਮੁਖੀਆਂ ਨੂੰ ਲਿਖਿਆ ਜਾਂਦਾ ਹੈ ਕਿ ਪੱਤਰ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

ਜ਼ਿਲ੍ਹਾ ਸਿੱਖਿਆ ਅਫਸਰ (ਸੈ-ਸਿ) ਪਟਿਆਲਾ

03/09/2025